بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.07.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਸਅਦ ਬਿਨ ਅਬੀ ਵਕਾਸ ਦੇ ਸਦਗੁਣਾ ਦਾ ਇਮਾਨ ਤੇ ਸ਼ਰਧਾ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਜੁਲਾਈ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلَٰهَ إِلَّا اللهُ وَحْدَهُ لَا شَرِيكَ لَهُ وَأَشْهَدُ أَنَّ مُحَمَّدًا عَبْدُهُ وَرَسُولُهُ أَمَّا بعد فاعوذ بالله من الشيطن الرجيم۔ بِسْمِ اللهِ الرَّحْمٰنِ الرَّحِيمِ۔ اَلْحَمْدُ لِلّٰهِ رَبِّ الْعَالَمِينَ۔ الرَّحْمٰنِ الرَّحِيمِ۔ مَالِكِ يَوْمِ الدِّينِ۔ إِيَّاكَ نَعْبُدُ وَإِيَّاكَ نَسْتَعِينُ۔ اِهْدِنَا الصِّرَاطَ الْمُسْتَقِيمَ۔ صِرَاطَ الَّذِينَ أَنْعَمْتَ عَلَيْهِمْ غَيْرِ الْمَغْضُوبِ عَلَيْهِمْ وَلَا الضَّالِّينَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿੱਚ ਹਜ਼ਰਤ ਸਅਦ ਦਾ ਜ਼ਿਕਰ ਚਲ ਰਿਹਾ ਸੀ । ਹਜ਼ਰਤ ਸਅਦ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਬਦਰ, ਉਹਦ, ਖ਼ੰਦਕ, ਹੁਦੈਬੀਆ, ਖ਼ੈਬਰ ਅਤੇ ਫ਼ਤਹ ਮਕੱਾ ਦੀਆਂ ਜੰਗਾ ਸਣੇ ਸਾਰੀਆਂ ਜੰਗਾ ਵਿੱਚ ਭਾਗ ਲਿਆ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਇਕ ਚੰਗੇ ਤੀਰ ਅੰਦਾਜ਼ ਸਹਾਬਾ ਵਿੱਚੋਂ ਸਨ । ਹਜ਼ਰਤ ਸਅਦ ਉਹ ਪਹਿਲੇ ਵਿਅਕਤੀ ਸਨ ਜਿੰਨ੍ਹਾ ਨੇ ਰੱਬ ਦੇ ਮਾਰਗ ਵਿੱਚ ਰਕਤ ਵਹਾਇਆ ਅਤੇ ਆਪ ਉਹ ਪਹਿਲੇ ਵਿਅਕਤੀ ਸਨ ਜਿੰਨ੍ਹਾ ਨੇ ਰੱਬ ਦੇ ਮਾਰਗ ਵਿੱਚ ਤੀਰ ਚਲਾਇਆ ਅਤੇ ਇਹ ਘਟਨਾ ਹਜ਼ਰਤ ਉਬੈਦਾਹ ਬਿਨ ਹਾਰਸ ਦੀ ਹੈ।

ਜਮਾਦੀਉਲ ਊਲਾ ਦੋ ਹਿਜਰੀ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਅਦ ਬਿਨ ਅਬੀ ਵਕਾਸ ਨੂੰ ਅੱਠ ਮੁਹਾਜਰਾਂ ਦੇ ਇਕ ਜੱਥੇ ਦਾ ਅਮੀਰ ਨਿਰਧਾਰਤ ਕਰਕੇ ਕੁਰੈਸ਼ ਦੀ ਖ਼ਬਰ ਲੈਂਣ ਲਈ ਖ਼ਰਾਰ ਅਸਥਾਨ ਵੱਲ ਭੇਜਿਆ ਸੀ । ਇਸੇ ਪ੍ਰਕਾਰ ਆਪ ਰਜ਼ੀ ਅਲੱਾਹ ਅਨਹੁ ਹਜ਼ਰਤ ਅਬਦੁਲੱਾਹ ਬਿਨ ਹਜਸ਼ ਦੇ ਜੱਥੇ ਵਿੱਚ ਵੀ ਸ਼ਾਮਲ ਹੋਏ ਸਨ ।

ਹਜ਼ਰਤ ਸਅਦ ਦੀ ਬਹਾਦਰੀ ਬਾਰੇ ਵੀ ਰਿਵਾਇਤ ਮਿਲਦੀ ਹੈ ਕਿ ਬਦਰ ਦੀ ਜੰਗ ਦੇ ਮੌਕੇ'ਤੇ ਹਜ਼ਰਤ ਸਅਦ ਪੈਦਲ ਹੁੰਦਿਆਂ ਹੋਇਆਂ ਵੀ ਸ਼ਹਿ ਸਵਾਰਾਂ ਵਾਂਗ ਬਹਾਦਰੀ ਨਾਲ ਲੜ ਰਹੇ ਸਨ । ਇਸੇ ਕਰਕੇ ਹਜ਼ਰਤ ਸਅਦ ਨੂੰ 'ਫ਼ਾਰਿਸੁਲ ਇਸਲਾਮ' ਕਿਹਾ ਜਾਂਦਾ ਸੀ, ਅਰਥਾਤ ਇਸਲਾਮ ਦਾ ਸ਼ਹਿਸਵਾਰ । ਉਹਦ ਦੀ ਜੰਗ ਦੇ ਮੌਕੇ'ਤੇ ਹਜ਼ਰਤ ਸਅਦ ਬਿਨ ਅਬੀ ਵਕਾਸ ਉਹਨਾ ਕੁਝ ਗਿਣਤੀ ਦੇ ਲੋਕਾਂ ਵਿੱਚੋਂ ਸਨ ਜੋ ਸਖ਼ਤ ਭਗਦੜ ਸਮੇਂ ਰਸੂਲੁਲੱਾਹ ਸਲਲੱਾਹੁ

ਅਲੈਹਿ ਵਸਲਮ ਦੇ ਕੋਲ ਦ੍ਰਿੜ੍ਹ ਪੈਰੀਂ ਰਹੇ । ਉਹਦ ਦੀ ਜੰਗ ਦੇ ਮੌਕੇ'ਤੇ ਹਜ਼ਰਤ ਸਅਦ ਬਿਨ ਅਬੀ ਵਕਾਸ ਦਾ ਭਰਾ ਅਤਬਾ ਬਿਨ ਅਬੀ ਵਕਾਸ ਜੋ ਮੁਸ਼ਰਕਾਂ ਵੱਲੋਂ ਜੰਗ ਵਿੱਚ ਸ਼ਾਮਲ ਹੋਇਆ ਸੀ, ਉਸਨੇ ਤਿਖੱਾ ਹਮਲਾ ਕਰਕੇ ਹਜ਼ਰਤ ਅਕਦਸ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਹੇਠਲੇ ਦੋ ਦੰਦ ਸ਼ਹੀਦ ਕਰ ਦਿੱਤੇ ਸਨ ਅਤੇ ਪਵਿੱਤਰ ਮੁਖੱੜੇ ਨੂੰ ਸਖ਼ਤ ਜ਼ਖ਼ਮੀ ਕਰ ਦਿਤੱਾ । ਅਤਬਾ ਦੇ ਭਰਾ ਹਜ਼ਰਤ ਸਅਦ ਬਿਨ ਅਬੀ ਵਕਾਸ ਮੁਸਲਮਾਨਾ ਵੱਲੋਂ ਲੜ ਰਹੇ ਸਨ, ਜੱਦ ਉਹਨਾ ਨੂੰ ਅਤਬਾ ਦੀ ਬਦਬਖ਼ਤੀ ਦਾ ਪਤਾ ਲਗੱਾ ਤਾਂ ਬਦੱਲੇ ਦੀ ਭਾਵਨਾ ਨਾਲ ਉਹਨਾ ਦੀ ਹਿੱਕ ਭੜਕਨ ਲੱਗੀ, ਉਹ ਫ਼ਰਮਾਉਂਦੇ ਹਨ ਕਿ ਮੈਂ ਆਪਣੇ ਭਰਾ ਦੇ ਕਤਲ'ਤੇ ਅਜਿਹਾ ਕਾਹਲਾ ਹੋ ਰਿਹਾ ਸੀ ਕਿ ਸੰਭਵਤਾ ਕਦੇ ਕਿਸੇ ਹੋਰ ਚੀਜ਼ ਦੀ ਮੈਨੂੰ ਐਨ੍ਹੀ ਕਾਹਲ੍ਹੀ ਨਹੀਂ ਲੱਗੀ । ਦੋ ਵਾਰ ਦੁਸ਼ਮਣਾ ਦੀਆਂ ਕਤਾਰਾਂ ਦੀ ਹਿੱਕ ਨੂੰ ਚੀਰਦਿਆਂ ਹੋਇਆਂ ਉਸ ਜ਼ਾਲਮ ਦੀ ਭਾਲ ਵਿੱਚ ਨਿਕਲਿਆ ਕਿ ਆਪਣੇ ਹੱਥੀਂ ਉਸਦੇ ਟੋਟੇ ਉਡਾਕੇ ਆਪਣੀ ਹਿੱਕ ਨੂੰ ਠੰਡ ਪਾਵਾਂ ਪਰ ਉਹ ਮੈਂਨੂੰ ਦੇਖਕੇ ਹਰ ਵਾਰ ਇਉਂ ਲੁੱਕ ਕੇ ਨਿਕਲ ਜਾਂਦਾ ਜਿਵੇਂ ਲੋਮੜੀ ਖ਼ਿਸਕ ਜਾਇਆ ਕਰਦੀ ਹੈ । ਅਖ਼ੀਰ ਜੱਦ ਮੈਂ ਤੀਜੀ ਵਾਰ ਇਸ ਪ੍ਰਕਾਰ ਅੰਦਰ ਵੜ੍ਹ ਜਾਣ ਦਾ ਨਿਸ਼ਚਾ ਕੀਤਾ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮਿਹਰ ਕਰਦਿਆਂ ਹੋਇਆਂ ਮੈਂਨੂੰ ਫ਼ਰਮਾਇਆ ਕਿ ਹੇ, ਬੰਦੇ ਖ਼ੁਦਾ ! ਤੇਰਾ ਕੀ ਜਾਣ ਦੇਣ ਦਾ ਨਿਸ਼ਚਾ ਹੈ ? ਸੋ, ਮੈਂ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਦੇ ਰੋਕਣ ਕਰਕੇ ਇਸ ਇਰਾਦੇ ਤੋਂ ਮੁੜ ਗਿਆ ।

ਹਜ਼ਰਤ ਸਅਦ ਬਿਨ ਅਬੀ ਵਕਾਸ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਆਪ ਤੀਰ ਫੜਾਉਂਦੇ ਜਾਂਦੇ ਸਨ ਅਤੇ ਹਜ਼ਰਤ ਸਅਦ ਇਹ ਤੀਰ ਦੁਸ਼ਮਣਾ'ਤੇ ਬੇਤਹਾਸ਼ਾ ਚਲਾਉਂਦੇ ਜਾਂਦੇ ਸਨ । ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਸਅਦ ਨੂੰ ਫ਼ਰਮਾਇਆ ਤੁਹਾਡੇ'ਤੇ ਮੇਰੇ ਮਾਂ ਬਾਪ ਕੁਰਬਾਨ ਹੋਣ ਤੁਸੀਂ ਨਿਰੰਤਰ ਤੀਰ ਚਲਾਉਂਦੇ ਜਾਓ। ਸਅਦ ਆਪਣੀ ਅਖ਼ੀਰਲੀ ਉਮਰ ਤੱਕ ਇਹਨਾ ਸ਼ਬਦਾ ਨੂੰ ਬਹੁਤ ਫ਼ਖ਼ਰ ਨਾਲ ਬਿਆਨ ਕਰਿਆ ਕਰਦੇ ਸਨ ।

ਉਹਦ ਦੀ ਜੰਗ ਦੇ ਮੌਕੇ'ਤੇ ਇਕ ਖ਼ਤਰਨਾਕ ਦੁਸ਼ਮਣ ਜਿੰਨ੍ਹਾ ਦਾ ਨਾਂ ਹਿਬਾਨ ਦੱਸਿਆ ਜਾਂਦਾ ਹੈ ਨੇ ਇਕ ਤੀਰ ਚਲਾਇਆ ਜੋ ਹਜ਼ਰਤ ਉੱਮੇ ਐਮਨ ਦੀ ਵੱਖੀ ਵਿੱਚ ਲਗੱਾ ਜੱਦ ਕਿ ਉਹ ਜ਼ਖ਼ਮੀਆਂ ਨੂੰ ਪਾਣੀ ਪਿਆਉਣ ਵਿੱਚ ਮਸਰੂਫ਼ ਸਨ, ਇਸ'ਤੇ ਹਿਬਾਨ ਹਸੱਣ ਲਗੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਹਜ਼ਰਤ ਸਅਦ ਨੂੰ ਹਿਬਾਨ ਉਪੱਰ ਚਲਾਉਣ ਲਈ ਇਕ ਤੀਰ ਪੇਸ਼ ਕੀਤਾ, ਉਹ ਤੀਰ ਹਿਬਾਨ ਦੇ ਸੰਘ ਵਿੱਚ ਜਾ ਲਗੱਾ ਅਤੇ ਉਹ ਪਿੱਛੇ ਡਿੱਗ ਗਿਆ ਜਿਸ ਨਾਲ ਉਸਦਾ ਨੰਗ ਪ੍ਰਕਟ ਹੋ ਗਿਆ ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੁਸਕਰਾ ਦਿੱਤੇ । ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਖ਼ੁਸ਼ੀ ਰੱਬ ਦੇ ਉਸ ਉਪਕਾਰ'ਤੇ ਸੀ ਕਿ ਉਸਨੇ ਇਕ ਖ਼ਤਰਨਾਕ ਦੁਸ਼ਮਣ ਨੂੰ ਇਕ ਅਜਿਹੇ ਤੀਰ ਨਾਲ ਰਸਤੇ ਵਿੱਚੋਂ ਹਟਾ ਦਿਤੱਾ ਜਿਸਦਾ ਫਲ ਵੀ ਨਹੀਂ ਸੀ । ਇਕ ਰਿਵਾਇਤ ਵਿੱਚ ਹੈ ਕਿ ਉਹਦ ਦੀ ਜੰਗ ਦੇ ਦਿਨ ਹਜ਼ਰਤ ਸਅਦ ਨੇ ਇਕ ਹਜ਼ਾਰ ਤੀਰ ਵਰ੍ਹਾਏ ।

ਸੁਲਾਹ ਹੁਦੈਬੀਆ ਦੇ ਮੌਕੇ'ਤੇ ਸੁਲਾਹ ਨਾਮੇ'ਤੇ ਜਿੰਨ੍ਹਾ ਸਹਾਬਾ ਨੇ ਗਵਾਹ ਵੱਜੋਂ ਹਸਤਾਖਰ ਕੀਤੇ ਉਹਨਾ ਵਿੱਚ ਹਜ਼ਰਤ ਸਅਦ ਬਿਨ ਅਬੀ ਵਕਾਸ ਵੀ ਸ਼ਾਮਲ ਸਨ । ਮੱਕੇ ਦੀ ਫ਼ਤਹ ਸਮੇਂ ਹਜ਼ਰਤ ਸਅਦ ਬਿਨ ਅਬੀ ਵਕਾਸ ਕੋਲ ਮੁਹਾਜਰਾਂ ਦੇ ਤਿੰਨ ਝੰਡਿਆਂ ਵਿੱਚ ਇਕ ਝੰਡਾ ਸੀ । ਹਜੱਾਤੁਲ ਵਿਦਾਅ ਦੇ ਮੌਕੇ'ਤੇ ਹਜ਼ਰਤ ਸਅਦ ਬਿਮਾਰ ਹੋ ਗਏ ਇਸ ਦਾ ਜ਼ਿਕਰ ਕਰਦਿਆਂ ਹੋਇਆਂ ਹਜ਼ਰਤ ਸਅਦ ਬਿਆਨ ਕਰਦੇ ਹਨ ਕਿ ਮੈਂ ਮੱਕੇ ਵਿੱਚ ਬਿਮਾਰ ਹੋ ਗਿਆ ਅਤੇ ਮੌਤ ਨੇੜ੍ਹੇ ਪਹੁੰਚ ਗਿਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰੀ ਪੁੱਛ ਗਿੱਛ ਕਰਨ ਲਈ ਮੇਰੇ ਕੋਲ ਆਏ, ਮੈਂ ਅਰਜ਼ ਕੀਤੀ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ! ਮੇਰੇ ਕੋਲ ਬਹੁਤ ਅਧਿਕ ਮਾਲ ਹੈ ਅਤੇ ਮੇਰੀ ਵਾਰਸ ਮੇਰੀ ਕੇਵਲ ਇਕ ਬੇਟੀ ਹੈ ਤਾਂ ਕੀ ਮੈਂ ਦੋ ਤਿਹਾਈ ਮਾਲ ਸਦਕਾ ਕਰ ਦਿਆਂ ? ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਨਹੀਂ । ਮੈਂ ਅਰਜ਼ ਕੀਤੀ ਫਿਰ ਅਧੱਾ ਮਾਲ ਸਦਕਾ ਕਰ ਦਿਆਂ ? ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਨਹੀਂ । ਮੈਂ

ਫਿਰ ਅਰਜ਼ ਕੀਤੀ ਇਕ ਤਿਹਾਈ ਮਾਲ ਸਦਕਾ ਕਰ ਦਿਆਂ, ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਠੀਕ ਹੈ ਪਰ ਇਹ ਵੀ ਬਹੁਤ ਅਧਿਕ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਗੱਲ ਨਾਲ ਫ਼ਿਕਹ ਵਾਲੇ (ਧਰਮ ਸ਼ਾਸਤਰੀ) ਵੀ ਇਹ ਅਨੁਮਾਨ ਕਰਦੇ ਹਨ ਕਿ ਇਕ ਤਿਹਾਈ ਮਾਲ ਤੋਂ ਅਧਿਕ ਦੀ ਵਸੀਯੱਤ ਨਹੀਂ ਹੋ ਸਕਦੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਸ ਬਾਰੇ ਬਿਆਨ ਕਰਦੇ ਹਨ ਕਿ ਹਦੀਸਾਂ ਵੀ ਇਸ ਗੱਲ ਦਾ ਪੱਖ ਪੂਰਦੀਆਂ ਹਨ ਕਿ ਆਪਣੇ ਖਰਚੇ ਕਢੱਕੇ ਬਾਕੀ ਸਾਰਾ ਮਾਲ ਵੰਡ ਦੇਣਾ ਇਸਲਾਮੀ ਹੁਕਮ ਨਹੀਂ । ਸੋ, ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ : ਤੁਹਾਡੇ ਵਿੱਚੋਂ ਕਈ ਲੋਕ ਆਪਣਾ ਸਾਰਾ ਮਾਲ ਸਦਕੇ ਲਈ ਲੈ ਆਉਂਦੇ ਹਨ ਅਤੇ ਫਿਰ ਲੋਕਾਂ ਸਾਹਮਣੇ ਸਵਾਲ ਕਰਦਿਆਂ ਹੱਥ ਫੈਲਾ ਦਿੰਦੇ ਹਨ । ਸਦਕਾ ਕੇਵਲ ਵਾਧੂ ਮਾਲ ਵਿੱਚੋਂ ਹੁੰਦਾ ਹੈ । ਇਸੇ ਪ੍ਰਕਾਰ ਫ਼ਰਮਾਉਂਦੇ ਹਨ : ਜੇਕਰ ਤੂੰ ਆਪਣੇ ਵਾਰਸਾਂ ਨੂੰ ਧੰਨ ਦੌਲਤ ਵਿੱਚ ਛੱਡ ਜਾਏਂ ਤਾਂ ਇਹ ਬਹੁਤ ਚੰਗਾ ਹੈ, ਇਸ ਦੀ ਤੁਲਨਾ ਵਿੱਚ ਕਿ ਤੂੰ ਉਹਨਾਂ ਨੂੰ ਗ਼ਰੀਬ ਛੱਡ ਜਾਏਂ ਅਤੇ ਉਹ ਲੋਕਾਂ ਸਾਹਮਣੇ ਹੱਥ ਫੈਲਾਉਂਦੇ ਫ਼ਿਰਨ । ਭਾਵ ਇਹ ਵਿਚਾਰ ਕਿ ਇਸਲਾਮ ਦਾ ਹੁਕਮ ਹੈ ਕਿ ਜੋ ਮਾਲ ਲੋੜ ਤੋਂ ਵੱਧ ਬਚੇ ਉਸ ਨੂੰ ਵੰਡ ਦੇਣਾ ਚਾਹੀਦਾ ਹੈ ਉਕੱਾ ਹੀ ਇਸਲਾਮ ਵਿਰੋਧੀ ਹੈ ਅਤੇ ਸਹਾਬਾ ਦੇ ਕਰਮਾ ਦੇ ਵਿਪਰੀਤ ਹੈ ਕਿਉਂਕਿ ਸਹਾਬ ਦੇ ਕਰਮ ਅਜਿਹੇ ਸਨ, ਜਿੰਨ੍ਹਾ ਵਿੱਚ ਕੁਝ ਦੀ ਮੌਤ ਮਗਰੋਂ ਲਖੱਾਂ ਦਾ ਧੰਨ ਉਹਨਾ ਦੇ ਵਾਰਸਾਂ ਵਿੱਚ ਵੰਡਿਆ ਗਿਆ ।

ਹਜ਼ਰਤ ਸਅਦ ਬਿਨ ਅਬੀ ਵਕਾਸ ਬਿਆਨ ਕਰਦੇ ਹਨ ਕਿ ਜੱਦ ਮੈਂ ਮੱਕੇ ਵਿੱਚ ਬਿਆਰ ਹੋਇਆ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਮੇਰਾ ਹਾਲਚਾਲ ਪੁਛੱਣ ਲਈ ਮੇਰੇ ਕੋਲ ਆਏ । ਇਕ ਹੋਰ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੱਕੇ ਵਿੱਚ ਇਕ ਵਿਅਕਤੀ ਨੂੰ ਵਿਸ਼ੇਸ਼ ਰੂਪ ਵਿੱਚ ਨਿਯੁਕਤ ਕੀਤਾ ਕਿ ਉਹ ਹਜ਼ਰਤ ਸਅਦ ਦਾ ਖ਼ਿਆਲ ਰਖੱਣ ਅਤੇ ਉਸ ਨੂੰ ਆਪ ਸਲਲੱਾਹੁ ਅਲੈਹਿ ਵਸਲਮ ਨੇ ਤਾਕੀਦ ਕੀਤੀ ਕਿ ਜੇਕਰ ਸਅਦ ਮੱਕੇ ਵਿੱਚ ਫ਼ੋਤ ਹੋ ਜਾਣ ਤਾਂ ਉਹਨਾ ਨੂੰ ਮੱਕੇ ਵਿੱਚ ਦਫ਼ਨਾਇਆ ਨ ਜਾਏ ਸਗੋਂ ਮਦੀਨਿ ਲਿਆਂਦਾ ਜਾਏ ਅਤੇ ਉੱਥੇ ਦਫ਼ਨ ਕੀਤਾ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਬਿਆਨ ਕੀਤਾ ਹੈ ਕਿ ਹਜ਼ਰਤ ਉਮਰ ਦੇ ਜ਼ਮਾਨੇ ਵਿੱਚ ਜੱਦ ਖ਼ੁਸਰੋ ਪਰਵੇਜ਼ ਦੇ ਪੋਤੇ ਯਜ਼ਦਗਰਦ ਦੀ ਤਾਜ ਪੋਸ਼ੀ ਦੇ ਬਾਦ ਇਰਾਕ ਵਿੱਚ ਮੁਸਲਮਾਨਾ ਦੇ ਖ਼ਿਲਾਫ਼ ਵੱਡੇ ਪਧੱਰ'ਤੇ ਜੰਗੀ ਤਿਆਰੀਆਂ ਅਰੰਭ ਹੋ ਗਈਆਂ ਤਾਂ ਹਜ਼ਰਤ ਉਮਰ ਨੇ ਇਹਨਾ ਦੇ ਮੁਕਾਬਲੇ ਲਈ ਹਜ਼ਰਤ ਸਅਦ ਬਿਨ ਅਬੀ ਵਕਾਸ ਦੀ ਅਗਵਾਈ ਵਿੱਚ ਇਕ ਲਸ਼ਕਰ ਭੇਜਿਆ ਅਤੇ ਆਦੇਸ਼ ਦਿਤੱਾ ਕਿ ਇਸ ਤੋਂ ਪਹਿਲਾਂ ਕਿ ਸ਼ਾਹੇ ਈਰਾਨ ਨਾਲ ਜੰਗ ਕੀਤੀ ਜਾਏ ਤੁਹਾਡਾ ਫ਼ਰਜ਼ ਹੈ ਕਿ ਇਕ ਨੁਮਾਇੰਦਾ ਜਥੱਾ ਈਰਾਨ ਦੇ ਬਾਦਸ਼ਾਹ ਕੋਲ ਭੇਜੋ ਅਤੇ ਉਸ ਨੂੰ ਇਸਲਾਮ ਕੁਬੂਲ ਕਰਨ ਦਾ ਸਦੱਾ ਦਿਓ । ਸੋ, ਉਹਨਾ ਨੇ ਇਸ ਆਦੇਸ਼ ਦੇ ਮਿਲਣ'ਤੇ ਇਕ ਜਥੱਾ ਯਜ਼ਦਗਰਦ ਦੀ ਮੁਲਾਕਾਤ ਲਈ ਭੇਜ ਦਿਤੱਾ । ਜੱਦ ਇਹ ਜਥੱਾ ਈਰਾਨ ਦੇ ਬਾਦਸ਼ਾਹ ਦੇ ਦਰਬਾਰ ਵਿੱਚ ਪਹੁੰਚਿਆ ਤਾਂ ਜੱਥੇ ਦੇ ਰਈਸ ਹਜ਼ਰਤ ਨੁਅਮਾਨ ਬਿਨ ਮਕਰਨ ਦੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਪ੍ਰਗਟ ਹੋਣ ਦਾ ਜ਼ਿਕਰ ਕਰਦਿਆਂ ਹੋਇਆਂ ਦੱਸਿਆ ਕਿ ਆਪ ਨੇ ਸਾਨੂੰ ਹੁਕਮ ਦਿਤੱਾ ਹੈ ਕਿ ਅਸੀਂ ਇਸਲਾਮ ਨੂੰ ਫੈਲਾਈਏ ਅਤੇ ਦੁਨੀਆ ਦੇ ਸਾਰਿਆਂ ਲੋਕਾਂ ਨੂੰ ਸੱਚੇ ਧਰਮ ਵਿੱਚ ਸ਼ਾਮਲ ਹੋਣ ਦੀ ਦਾਅਵਤ ਦੇਈਏ । ਇਸ ਹੁਕਮ ਅਨੁਸਾਰ ਅਸੀਂ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਹਾਂ ਅਤੇ ਆਪ ਨੂੰ ਇਸਲਾਮ ਵਿੱਚ ਸ਼ਾਮਲ ਹੋਣ ਦੀ ਦਾਅਵਤ ਦਿੰਦੇ ਹਾਂ । ਯਜ਼ਦਗਰਦ ਇਸ'ਤੇ ਬਹੁਤ ਭੜਕਿਆ ਅਤੇ ਉਸਨੇ ਇਕ ਨੌਕਰ ਨੂੰ ਕਿਹਾ ਕਿ ਜਾਓ ਇਕ ਮਿੱਟੀ ਦਾ ਬੋਰਾ ਲੈ ਆਓ, ਜੱਦ ਮਿੱਟੀ ਦਾ ਬੋਰਾ ਆਇਆ ਤਾਂ ਉਸ ਨੇ ਇਸਲਾਮੀ ਜੱਥੇ ਦੇ ਸਰਦਾਰ ਨੂੰ ਅੱਗੇ ਬੁਲਾਇਆ ਅਤੇ ਕਿਹਾ ਇਸ ਮਿੱਟੀ ਦੇ ਬੋਰੇ ਤੋਂ ਬਿਨਾ ਤੁਹਾਨੂੰ ਹੋਰ ਕੁਝ ਨਹੀਂ ਮਿਲ ਸਕਦਾ ।

ਉਹ ਸਹਾਬੀ ਬਹੁਤ ਹੀ ਸਹਿਨਸ਼ੀਲਤਾ ਨਾਲ ਅੱਗੇ ਵਧੇ, ਉਹਨਾ ਨੇ ਆਪਣਾ ਸਿਰ ਨਿਵਾਂ ਦਿਤੱਾ ਅਤੇ ਮਿੱਟੀ ਦਾ ਬੋਰਾ ਆਪਣੀ ਪਿਠੱ'ਤੇ ਚੁੱਕ ਲਿਆ, ਫਿਰ ਛੇਤੀ ਨਾਲ ਛਾਲ ਮਾਰੀ ਅਤੇ ਤੇਜ਼ੀ ਨਾਲ ਉਸ ਦੇ ਦਰਬਾਰ ਵਿੱਚੋਂ ਨਿਕਲ ਖੜੇ ਹੋਏ ਅਤੇ ਆਪਣੇ ਸਾਥੀਆਂ ਨੂੰ ਉੱਚੀ ਆਵਾਜ਼ ਨਾਲ ਕਿਹਾ, ਅੱਜ ਈਰਾਨ ਦੇ ਬਾਦਸ਼ਾਹ ਨੇ ਆਪਣੇ ਹੱਥੀਂ ਆਪਣੇ ਦੇਸ਼ ਦੀ ਧਰਤੀ ਸਾਡੇ ਹਵਾਲੇ ਕਰ ਦਿੱਤੀ ਹੈ ਅਤੇ ਫਿਰ ਘੋੜਿਆਂ'ਤੇ ਸਵਾਰ ਹੋ ਕੇ ਤੇਜ਼ੀ ਨਾਲ ਨਿਕਲ ਗਏ । ਬਾਦਸ਼ਾਹ ਨੇ ਜੱਦ ਉਹਨਾ ਦਾ ਇਹ ਨਾਰਾ ਸੁਣਿਆ ਤਾਂ ਕੰਬ ਉਠਿਆ ਅਤੇ ਉਸ ਨੇ ਆਪਣੇ ਦਰਬਾਰੀਆਂ ਨੂੰ ਕਿਹਾ ਦੌੜੋ ਅਤੇ ਮਿੱਟੀ ਦਾ ਬੋਰਾ ਉਹਨਾ ਤੋਂ ਵਾਪਸ ਲਿਆਓ, ਇਹ ਬਹੁਤ ਵੱਡੀ ਬਦਸ਼ਗੁਨੀ ਹੋ ਗਈ ਹੈ ਕਿ ਮੈਂ ਆਪਣੇ ਹੱਥੀਂ ਆਪਣੇ ਦੇਸ਼ ਦੀ ਮਿੱਟੀ ਉਹਨਾ ਦੇ ਹਵਾਲੇ ਕਰ ਦਿੱਤੀ ਹੈ । ਪਰ ਉਹ ਉਸ ਸਮੇਂ ਤੱਕ ਘੋੜਿਆਂ'ਤੇ ਸਵਾਰ ਹੋਕੇ ਬਹੁਤ ਦੂਰ ਨਿਕਲ ਚੁਕੇ ਸਨ । ਪਰ ਅਖ਼ੀਰ ਉਹੋ ਹੋਇਆ ਜੋ ਉਹਨਾ ਨੇ ਕਿਹਾ ਸੀ ਅਤੇ ਕੁਝ ਸਾਲਾਂ ਵਿੱਚ ਹੀ ਸਾਰਾ ਈਰਾਨ ਮੁਸਲਮਾਨਾ ਹੇਠ ਆ ਗਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਮਹਾਨ ਪਰਿਵਰਤਨ ਮੁਸਲਮਾਨਾ ਵਿੱਚ ਕਿਉਂ ਪੈਦਾ ਹੋਇਆ । ਇਸ ਲਈ ਕਿ ਕੁਰਆਨ ਕਰੀਮ ਦੀ ਸਿੱਖਿਆ ਨੇ ਉਹਨਾ ਦੇ ਆਚਰਣਾ ਦੀਆਂ ਆਦਤਾਂ ਵਿੱਚ ਇਕ ਨਵਾਂ ਇਨਕਲਾਬ ਪੈਦਾ ਕਰ ਦਿਤੱਾ ਸੀ ਅਤੇ ਭਰਮ ਰੂਪੀ ਜੀਵਨ'ਤੇ ਉਸ ਨੇ ਇਕ ਮੌਤ ਵਾਪਰ ਦਿੱਤੀ ਸੀ ਅਤੇ ਉਹਨਾ ਨੂੰ ਉੱਚੇ ਕਿਰਦਾਰਾਂ ਤੇ ਉਤੱਮ ਆਚਰਣਾ ਉਪੱਰ ਲਿਆ ਖੜਾ ਕੀਤਾ ਸੀ ਜਿਸਦੇ ਸਿੱਟੇ ਵਿੱਚ ਫਿਰ ਉਹ ਦੁਨੀਆ ਵਿੱਚ ਇਸਲਾਮ ਫੈਲਾਉਣ ਵਾਲੇ ਬਣੇ ਅਤੇ ਇਸਲਾਮ ਦੀ ਸਿੱਖਿਆ ਉਪੱਰ ਅਮਲ ਕਰਦਿਆਂ ਹੋਇਆਂ ਹਕੀਕੀ ਮੁਸਲਮਾਨ ਬਨਾਉਣ ਵਾਲੇ ਬਣੇ ਅਤੇ ਕੋਈ ਖ਼ੌਫ਼ ਤੇ ਖ਼ਤਰਾ ਕਿਸੇ ਵੀ ਸ਼ਕਤੀ ਦਾ ਉਹਨਾਂ ਨੂੰ ਭਰਮਾ ਨਹੀਂ ਸਕਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦੇ ਜ਼ਿਕਰ ਦਾ ਬਾਕੀ ਹਿਸੱਾ ਇਨਸ਼ਾਅਲੱਾਹ ਭਵਿੱਖ ਵਿੱਚ ਵਰਨਣ ਕਰਾਂਗਾ, ਕੁਝ ਹਿਸਾ ਬੱਕੀ ਰਹਿੰਦਾ ਹੈ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮਾ ਬੁਸ਼ਰਾ ਅਕਰਮ ਸਾਹਿਬਾ ਸੁਪਤੱਨੀ ਮੁਹਮੱਦ ਅਕਰਮ ਬਾਜਵਾ ਸਾਹਬ, ਮੁਕਰੱਮ ਇਕਬਾਲ ਅਹਮਦ ਸਾਹਬ, ਮੁਕਰੱਮਾ ਗ਼ੁਲਾਮ ਫ਼ਾਤਮਾ ਫ਼ਹਮੀਦਾ ਸਾਹਿਬਾ, ਮੁਕਰੱਮ ਮੁਹਮੱਦ ਅਹਮਦ ਅਨਵਰ ਸਾਹਬ ਹੈਦਰਾਬਾਦੀ ਅਤੇ ਮੁਕਰੱਮ ਸਲੀਮ ਹਸਨ ਅਲਜਾਬੀ ਸਾਹਬ ਮਰਹੂਮ ਆਫ਼ ਸੀਰੀਆ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਜੁਮਏ ਦੇ ਬਾਦ ਇਹਨਾ ਦਾ ਨਮਾਜ਼ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 24.07.2020**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131